GMADA

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ

ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ

## ਹੁਕਮ

1. ਪ੍ਰਮੋਟਰ ਸੋਸਾਇਟੀ, The Indian Co-operative House Building Society Ltd ਨੂੰ ਪਿੰਡ ਰਹਿਮਾਨਪੁਰ ਅਤੇ ਪਲਹੇੜੀ, ਨਿਊ ਚੰਡੀਗੜ੍ਹ, ਜਿਲ੍ਹਾ ਐਸ.ਏ.ਐਸ. ਨਗਰ ਜੋ ਕਿ ਮਾਸਟਰ ਪਲੈਨ ਨਿਊ ਚੰਡੀਗੜ੍ਹ ਦਾ ਹਿੱਸਾ ਹੈ, ਵਿਖੇ 108.58 ਏਕੜ ਰਕਬੇ ਉਪਰ "Suntec City" ਨਾਮ ਦੀ ਰਿਹਾਇਸ਼ੀ ਕਲੋਨੀ ਸਥਾਪਿਤ ਕਰਨ ਲਈ ਲਾਇਸੈਂਸ ਨੰ: 27/2018 ਮਿਤੀ 20.03.2018 ਜਾਰੀ ਕੀਤਾ ਗਿਆ ਸੀ ਜਿਸਦੀ ਮਿਆਦ ਮਿਤੀ 19.03.2023 ਤੱਕ ਸੀ। ਇਸ ਲਾਇਸੈਂਸ ਵਿੱਚ ਦਰਜ ਸ਼ਰਤ ਨੰ: 14 ਅਨੁਸਾਰ ਪ੍ਰਮੋਟਰ ਕੰਪਨੀ ਵੱਲੋਂ ਲਾਇਸੈਂਸ ਦੇ ਵੈਲੀਡਿਟੀ ਸਮੇਂ ਦੌਰਾਨ ਭਾਵ ਮਿਤੀ 19.03.2023 ਤੱਕ ਕਲੋਨੀ ਹੇਠ ਪੈਂਦੇ ਮੁਕੰਮਲ ਰਕਬੇ ਦੀ ਮਾਲਕੀ ਪ੍ਰਾਪਤ ਕੀਤੀ ਜਾਣੀ ਸੀ ਜੋ ਕਿ ਪ੍ਰਮੋਟਰ ਕੰਪਨੀ ਵੱਲੋਂ ਪ੍ਰਾਪਤ ਨਹੀਂ ਕੀਤੀ ਗਈ ਸੀ। ਪ੍ਰਮੋਟਰ ਕੰਪਨੀ ਦੀ ਪ੍ਰਤੀਬੇਨਤੀ ਮਿਤੀ 25.01.2023 ਨੂੰ ਰੂਲਾਂ ਅਨੁਸਾਰ ਵਾਚਣ ਉਪਰੰਤ ਇਸ ਦਫਤਰ ਦੇ ਪੱਤਰ ਨੰ: 1259 ਮਿਤੀ 19.04.2023 ਰਾਹੀਂ ਕਲੋਨੀ ਦੇ ਲਾਇਸੈਂਸ ਦੀ ਮਿਆਦ ਵਿੱਚ ਮਿਤੀ 19.03.2025 ਤੱਕ ਇਸ ਸ਼ਰਤ ਤੇ ਵਾਧਾ ਕੀਤਾ ਗਿਆ ਸੀ ਕਿ ਪ੍ਰਮੋਟਰ ਸੋਸਾਇਟੀ ਲਾਇਸੈਂਸ ਜਾਰੀ ਹੋਣ ਤੋਂ 6 ਮਹੀਨੇ ਦੇ ਅੰਦਰ-ਅੰਦਰ ਭਾਵ ਮਿਤੀ 18.10.2023 ਤੱਕ ਕਲੋਨੀ ਦੇ ਮੁਕੰਮਲ ਰਕਬੇ ਦੀ ਮਾਲਕੀ ਪ੍ਰਾਪਤ ਕਰੇਗੀ।

2. ਕੁੱਝ ਭੌਂ ਮਾਲਕਾ ਜਿਨ੍ਹਾਂ ਦੇ ਰਕਬੇ ਸਬੰਧ ਪ੍ਰਮੋਟਰ ਸੋਸਾਇਟੀ ਵੱਲੋਂ ਨਗਰ ਅਤੇ ਗ੍ਰਾਮ ਯੋਜਨਾਬੰਦੀ ਵਿਭਾਗ, ਪੰਜਾਬ ਤੋਂ ਭੌਂ ਮੰਤਵ ਤਬਦੀਲੀ ਦੀ ਪ੍ਰਵਾਨਗੀ ਹਾਸਲ ਕੀਤੀ ਗਈ ਸੀ ਅਤੇ ਉਹਨਾਂ ਦੇ ਰਕਬੇ ਸਬੰਧੀ ਵੀ ਇਸ ਦਫਤਰ ਤੋਂ ਉਕਤ ਕਲੋਨੀ ਲਾਇਸੈਂਸ ਪ੍ਰਾਪਤ ਕੀਤਾ ਗਿਆ ਸੀ। ਭੌਂ ਮਾਲਕਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ CWP No. 9767 of 2022- Bahadur Singh Vs. State of Punjab ਦਾਇਰ ਕੀਤੀ ਗਈ ਸੀ, ਜਿਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਆ ਹਾਈਕੋਰਟ ਵੱਲੋਂ ਹੁਕਮ ਮਿਤੀ 31.05.2024 ਰਾਹੀਂ ਹੇਠ ਲਿਖੇ ਅਨੁਸਾਰ ਆਦੇਸ਼ ਜਾਰੀ ਕੀਤੇ ਗਏ ਹਨ:-

> *"...Learned Additional Advocate General, Punjab, on instructions, submits that the matter is under active consideration of the competent authority and the necessary exercise to determine the alleged violations and breach of any Rule, Provision etc., as indicated in the application/petition, is in progress. And, a status report in this regard shall be submitted before the adjourned date with an advance copy to the learned counsel for the petitioners..."*

ਇਸ ਸਬੰਧ ਵਿੱਚ ਭੌਂ ਮਾਲਕਾਂ ਦੀਆਂ ਅਸਲ ਕੰਨਸੈਂਟਾਂ ਦੇ ਸਬੰਧ ਵਿੱਚ ਅਤੇ ਕਲੋਨੀ ਲਾਇਸੈਂਸ ਦੀਆਂ ਸ਼ਰਤਾਂ ਅਨੁਸਾਰ ਮਿੱਥੇ ਸਮੇਂ ਅੰਦਰ ਕਲੋਨੀ ਹੇਠ ਪੈਂਦੇ ਰਕਬੇ ਦੇ ਮੁਕੰਮਲ ਰਕਬੇ ਦੀ ਮਾਲਕੀ ਸਬੰਧੀ ਸਥਿਤੀ ਸਪਸ਼ਟ ਕਰਨ ਲਈ ਇਸ ਦਫਤਰ ਦੇ ਮੀਮੋ ਨੰ: 2268 ਮਿਤੀ 01.07.2024 ਰਾਹੀਂ ਪ੍ਰਮੋਟਰ ਸੋਸਾਇਟੀ ਅਤੇ ਇਸਦੇ ਨਾਲ ਪਿੱਠਅੰਕਣ ਨੰ: 2127 ਮਿਤੀ

Scanned with OKEN Scanner

ਏਕੜ ਭੌਂ ਉਨਹਾਂ ਦੇ ਪ੍ਰੋਜੈਕਟ ਵਿੱਚੋਂ ਬਾਹਰ ਕੱਢੀ ਜਾਂਦੀ ਹੈ ਤਾਂ ਇਸ ਸਬੰਧੀ ਉਹਨਾਂ ਨੂੰ ਕੋਈ ਇਤਰਾਜ ਨਹੀਂ ਹੈ।

ਦੀ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਅਮੈਂਡਮੈਂਟ) ਐਕਟ, 2014 ਦੇ ਸੈਕਸ਼ਨ 5(3)(I) ਅਨੁਸਾਰ ਪ੍ਰਮੋਟਰ ਸੋਸਾਇਟੀ ਵੱਲੋਂ ਲਾਇਸੈਂਸ ਦੇ ਵੈਲੀਡਿਟੀ ਸਮੇਂ ਦੇ ਦੌਰਾਨ ਕਲੋਨੀ ਦੇ ਮੁਕੰਮਲ ਰਕਬੇ ਦੀ ਮਾਲਕੀ ਪ੍ਰਾਪਤ ਕੀਤੀ ਜਾਣੀ ਸੀ। ਕੋਲਨੀ ਲਾਇਸੈਂਸ ਦੇ ਵੈਲੀਡਿਟੀ ਸਮੇਂ ਵਿੱਚ ਦੋ ਸਾਲ ਦਾ ਵਾਧਾ ਭਾਵ ਮਿਤੀ 19.03.2025 ਤੱਕ ਕਰਨ ਸਮੇਂ ਇਸ ਦਫਤਰ ਦੇ ਪੱਤਰ ਨੰ: 1259 ਮਿਤੀ 19.04.2023 ਰਾਹੀਂ ਹੇਠ ਲਿਖੀਆਂ ਸ਼ਰਤਾਂ ਤੇ ਕੀਤੀ ਗਈ ਸੀ:-

i) *That you will complete the development works within this extended period and take the completion certificate of the colony as per notification issued by the Govt. vide letter .No. 4966-CTP (Pb.)/SP-458 dated 02-09-2014, amended from time to time or prevailing completion policy.*

ii) *That as per notification issued by the Govt. vide letter No. 17/17/2001-5HG-2/PF/4255 dated 31-12-2013 or prevailing policy, you will surrender and hand over the plots kept reserved for EWS free of cost to the Estate Officer, GMADA, S.A.S. Nagar within the extended period.*

iii) *That you will acquire the entire Land title in the name of Company within six months from the date of issue of this Certificate.*

ਉਕਤ ਸ਼ਰਤ ਨੰ: iii) ਅਨੁਸਾਰ ਪ੍ਰਮੋਟਰ ਸੋਸਾਇਟੀ ਵੱਲੋਂ 18.10.2023 ਤੱਕ ਇਸ ਕਲੋਨੀ ਹੇਠ ਪੈਂਦੇ ਮੁਕੰਮਲ ਰਕਬੇ ਦੀ ਮਾਲਕੀ ਹਾਸਲ ਕੀਤੀ ਜਾਣੀ ਸੀ। ਮਿਤੀ 02.07.2024 ਨੂੰ ਸੁਣਵਾਈ ਦੌਰਾਨ ਜਾਂ ਮਿਤੀ 04.07.2024 ਨੂੰ ਪੇਸ਼ ਕੀਤੇ ਗਏ ਜਵਾਬ ਵਿੱਚ ਹੁਣ ਤੱਕ ਕਲੋਨੀ ਹੇਠ ਪੈਂਦੇ ਮੁਕੰਮਲ ਰਕਬੇ ਦੀ ਮਾਲਕੀ ਹਾਸਲ ਕਰਨ ਸਬੰਧੀ ਨਾਂ ਤਾਂ ਕੋਈ ਸੰਤੋਸ਼ਜਨਕ ਜਵਾਬ ਦਿੱਤਾ ਗਿਆ ਅਤੇ ਨਾ ਹੀ ਇਹਨਾਂ ਭੌਂ ਮਾਲਕਾਂ/ਪਟੀਸ਼ਨਰਾਂ ਵੱਲੋਂ ਦਿੱਤੀਆਂ ਗਈਆਂ ਕੰਨਸੈਂਟ ਲੈਟਰਾਂ ਮੂਲ ਰੂਪ ਵਿੱਚ ਪੇਸ਼ ਕੀਤੀਆਂ ਗਈਆਂ ਹਨ।

ਪ੍ਰਮੋਟਰ ਸੋਸਾਇਟੀ ਵੱਲੋਂ ਉਕਤ ਮੁਤਾਬਿਕ ਲਾਇਸੈਂਸ ਅਤੇ ਪੰਜਾਬ ਅਪਾਰਟਮੈਂਟ ਐਂਡ ਪ੍ਰੋਪਰਟੀ ਰੈਗੂਲੇਸ਼ਨ ਐਕਟ, 1995' (ਸਮੇਂ-ਸਮੇਂ ਤੇ ਹੋਈਆਂ ਸੋਧਾਂ ਅਨੁਸਾਰ) ਦੀਆਂ ਵੱਖ-ਵੱਖ ਧਾਰਾਵਾਂ ਦੀ ਉਲੰਘਣਾ ਕਾਰਨ ਮੈਂ, ਮੋਨੀਸ਼ ਕੁਮਾਰ, ਆਈ.ਏ.ਐਸ. ਸਮਰੱਥ ਅਧਿਕਾਰੀ-ਕਮ-ਮੁੱਖ ਪ੍ਰਸ਼ਾਸਕ, ਗਮਾਡਾ, ਪੰਜਾਬ ਅਪਾਰਟਮੈਂਟ ਐਂਡ ਪ੍ਰੋਪਰਟੀ ਰੈਗੂਲੇਸ਼ਨ ਐਕਟ, 1995' (ਸਮੇਂ-ਸਮੇਂ ਤੇ ਹੋਈਆਂ ਸੋਧਾਂ ਅਨੁਸਾਰ) ਦੀ ਧਾਰਾ 5(14) ਅਨੁਸਾਰ The Indian Co-operative House Building Society Ltd ਨੂੰ ਪਿੰਡ ਰਹਿਮਾਨਪੁਰ ਅਤੇ ਪਲਹੇੜੀ, ਨਿਊ ਚੰਡੀਗੜ੍ਹ, ਜਿਲ੍ਹਾ ਐਸ.ਏ.ਐਸ. ਨਗਰ ਵਿਖੇ

Scanned with OKEN Scanner

GMADA

Letter-870

108.58 ਏਕੜ ਰਕਬੇ ਵਿੱਚ "Suntec City" ਨਾਂ ਦੀ ਰਿਹਾਇਸ਼ੀ ਕਲੋਨੀ ਸਥਾਪਿਤ ਕਰਨ ਲਈ ਇਸ ਦਫਤਰ ਵੱਲੋਂ ਜਾਰੀ ਕੀਤੇ ਗਏ ਲਾਇਸੈਂਸ ਨੰ: 27/2018 ਮਿਤੀ 19.03.2018 ਨੂੰ ਰੱਦ ਕਰਨ ਦਾ ਹੁਕਮ ਜਾਰੀ ਕਰਦਾ ਹਾਂ।

ਮਿਤੀ:

ਸਮਰੱਥ ਅਧਿਕਾਰੀ-ਕਮ-ਮੁੱਖ ਪ੍ਰਸ਼ਾਸਕ
ਗਮਾਡਾ, ਐਸ.ਏ.ਐਸ. ਨਗਰ।

Scanned with OKEN Scanner